PG-212303 Roll No.........

M.A. Semester. II-1
Punjabi Course No. 303
Paper: Qissa ate Vir Kaav: Sidhant, Itihas te Parvirtian
(Admission of 2009 & Onwards)
NCWEB
Nov.-Dec., 2019

**ਕੁੱਲ ਸਮਾਂ: 3 ਘੰਟੇ** **ਕੁੱਲ ਅੰਕ: 100**

**ਨੋਟ:**ਸਾਰੇ ਪ੍ਰਸ਼ਨ ਲਾਜ਼ਮੀ ਹਨ।

## ਭਾਗ ਪਹਿਲਾ

1. ਪੰਜਾਬੀ ਕਿੱਸਾ ਕਾਵਿ ਦੀ ਇਤਿਹਾਸਕ ਵਿਕਾਸ ਰੇਖਾ ਉਲੀਕੋ। 1X20=20

ਜਾਂ

ਪੰਜਾਬੀ ਵੀਰ ਕਾਵਿ ਪਰੰਪਰਾ 'ਤੇ ਵਿਸਤ੍ਰਿਤ ਨੋਟ ਲਿਖੋ।

## ਭਾਗ ਦੂਜਾ

ਨੋਟ: ਕੋਈ ਦੋ ਸਵਾਲ ਕਰੋ।

2. ਹੀਰ ਵਾਰਿਸ ਵਿਚ ਪੇਸ਼ ਇਸ਼ਕ ਦੇ ਸੰਕਲਪ ਨੂੰ ਚਰਚਾ ਦਾ ਆਧਾਰ ਬਣਾਓ। 2X20=40
3. ਕਿੱਸਾ ਸੱਸੀ ਹਾਸ਼ਮ ਦੇ ਕਲਾ ਪੱਖ ਤੇ ਵਿਸਤ੍ਰਿਤ ਨੋਟ ਲਿਖੋ ?
4. ਚੰਡੀ ਦੀ ਵਾਰ ਵਿਚ ਮਿੱਥ ਰੂਪਾਂਤਰਣ ਵਿਸ਼ੇ ਤੇ ਨੋਟ ਲਿਖੋ।

## ਭਾਗ ਤੀਜਾ

5. ਕਿਸੇ ਇਕ ਦਾ ਵਿਹਾਰਕ ਅਧਿਐਨ ਕਰੋ:

ਅੱਵਲ ਹਮਦ ਖ਼ੁਦਾਇ ਦਾ ਵਿਰਦ ਕੀਜੇ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ ।
ਪਹਿਲੇ ਆਪ ਹੈ ਰਬ ਨੇ ਇਸ਼ਕ ਕੀਤਾ, ਮਾਸ਼ੂਕ ਹੈ ਨਬੀ ਰਸੂਲ ਮੀਆਂ ।
ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ, ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ ।
ਖਿਲੇ ਤਿਨ੍ਹਾਂ ਦੇ ਬਾਗ਼ ਕਲੂਬ ਅੰਦਰ, ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ ।

ਜਾਂ

ਕੁਝ ਡਿਗਦੀ ਕੁਝ ਢਹਿੰਦੀ ਉਠਦੀ, ਬਹਿੰਦੀ ਤੇ ਦਮ ਲੈਂਦੀ।
ਜਿਉਂ ਕਰ ਤੋਟ ਸ਼ਰਾਬੋਂ ਆਵੇ, ਫੇਰ ਉਤੇ ਵਲ ਵੈਂਦੀ।
ਢੂੰਡੇ ਖੋਜ ਸ਼ੁਤਰ ਦਾ ਕਿਤ ਵਲ, ਹਰਗਿਜ਼ ਭਾਲ ਨਾ ਪੈਂਦੀ।
ਹਾਸ਼ਮ ਜਗਤ ਨਾ ਕਿਉਂ ਕਰ ਗਾਵੇ, ਪ੍ਰੀਤ ਸੰਪੂਰਨ ਜੈਂਦੀ। 1X20=20

## ਭਾਗ ਚੌਥਾ

ਨੋਟ:ਸਾਰੇ ਪ੍ਰਸ਼ਨਾਂ ਦੇ ਸੰਖੇਪ ਉਤਰ ਦਿਓ।

6. ਹੇਠ ਲਿਖੇ **ਸਾਰੇ** ਪ੍ਰਸ਼ਨਾਂ ਦੇ ਸੰਖੇਪ ਉਤਰ ਲਿਖੋ:- 5X4=20

ੳ) 'ਕਿੱਸਾ ਵਿਅਕਤੀਗਤ ਸੁਤੰਤਰਤਾ ਦੀ ਗੱਲ ਕਰਦਾ ਹੈ।' ਟਿੱਪਣੀ ਕਰੋ
ਅ) ਵਾਰ ਤੇ ਜੰਗਨਾਮਾ ਵਿਚਲਾ ਵਿਚਲਾ ਅੰਤਰ ਸਪਸ਼ਟ ਕਰੋ।
ੲ) ਮੰਗਲਾਚਰਨ ਤੋਂ ਕੀ ਭਾਵ ਹੈ ? ਹੀਰ ਵਾਰਸ ਦੇ ਮੰਗਲਾਚਰਨ ਵਿਚ ਕੀ ਕਿਹਾ ਗਿਆ ਹੈ ?
ਸ) ਚੰਡੀ ਦੇ ਵਾਰ ਦੇ ਛੰਦ ਪ੍ਰਬੰਧ ਤੇ ਟਿੱਪਣੀ ਕਰੋ।
ਹ) ਸੱਸੀ ਹਾਸ਼ਮ ਵਿਚ ਪੇਸ਼ ਹੋਣੀ 'ਤੇ ਟਿੱਪਣੀ ਕਰੋ।

Scanned with CamScanner

Roll No............

Unique Code: P-212302

M.A.(Punjabi)Sem.II-1

Punjabi: Course No-302

**Paper:** Punjabi Sufi Kaav: History, Theory and Tendencies

(Admission of 2009& onwards)

(NCWEB)

(Nov.-Dec. 2019)

ਕੁੱਲ ਸਮਾਂ:ਤਿੰਨ ਘੰਟੇ

ਕੁੱਲ ਅੰਕ:100

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।ਪਹਿਲੇ ਭਾਗ ਵਿਚੋਂ **ਇਕ**, ਦੂਜੇ ਭਾਗ ਵਿਚੋਂ **ਦੋ** ਅਤੇ ਤੀਜੇ ਭਾਗ ਵਿਚੋਂ ਕਿਸੇ **ਇਕ** ਪ੍ਰਸ਼ਨ ਦਾ ਉਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਸੂਫ਼ੀ ਮਤ ਦੇ ਦਾਰਸ਼ਨਿਕ ਪਿਛੋਕੜ ਬਾਰੇ ਚਰਚਾ ਕਰਦਿਆਂ, ਇਸ ਉਤੇ ਪਏ ਇਸਲਾਮੀ ਪ੍ਰਭਾਵਾਂ ਨੂੰ ਚਰਚਾ ਦਾ ਵਿਸ਼ਾ ਬਣਾਓ।

ਜਾਂ

ਪੰਜਾਬੀ ਸੂਫ਼ੀ ਕਾਵਿ ਦੇ ਨਿਕਾਸ ਤੇ ਵਿਕਾਸ ਬਾਰੇ ਵਿਸਤ੍ਰਿਤ ਨੋਟ ਲਿਖੋ। 1X20=20

## ਭਾਗ ਦੂਜਾ

2. ਸ਼ੇਖ ਫਰੀਦ ਦੀ ਰਚਨਾ ਦੇ ਪ੍ਰਤੀਕ ਵਿਧਾਨ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।
3. ਸੁਲਤਾਨ ਬਾਹੂ ਦੀ ਰਚਨਾ ਵਿਚ ਦਰਜ ਅਧਿਆਤਮਕ ਮਾਰਗ ਦੀ ਨਿਸ਼ਾਨਦੇਹੀ ਕਰਦਿਆਂ ਇਸ ਬਾਰੇ ਆਪਣੇ ਵਿਚਾਰ ਲਿਖੋ।
4. 'ਬੁੱਲੇ ਸ਼ਾਹ ਦੀ ਰਚਨਾ ਹਰ ਤਰ੍ਹਾਂ ਦੀ ਕੱਟੜਤਾ ਤੇ ਆਡੰਬਰਾਂ ਦਾ ਵਿਰੋਧ ਕਰਦੀ ਹੈ।' ਇਸ ਕਥਨ ਦੀ ਪ੍ਰੋੜਤਾ ਵਿਚ ਆਪਣੇ ਵਿਚਾਰ ਵਿਅਕਤ ਕਰੋ। **2X20=40**

## ਭਾਗ ਤੀਜਾ

5. ਹੇਠ ਲਿਖੇ ਕਿਸੇ ਇਕ ਕਾਵਿ-ਟੋਟੇ ਦੀ ਵਿਹਾਰਕ ਸਮੀਖਿਆ ਕਰੋ:

ੳ. ਨਾ ਮੈਂ ਮੋਮਨ ਵਿਚ ਮਸੀਤਾਂ
ਨਾ ਮੈਂ ਵਿਚ ਕੁਫ਼ਰ ਦੀਆਂ ਰੀਤਾਂ
ਨਾ ਮੈਂ ਪਾਕਾਂ ਵਿਚ ਪਲੀਤਾਂ
ਨਾ ਮੈਂ ਮੂਸਾ ਨਾ ਫਰਊਨ
ਬੁੱਲ੍ਹਿਆ ਕੀਹ ਜਾਣਾ ਮੈਂ ਕੌਣ।
ਨਾ ਮੈਂ ਅੰਦਰ ਬੇਦ ਕਿਤਾਬਾਂ
ਨਾ ਮੈਂ ਭੰਗਾਂ ਵਿਚ ਸ਼ਰਾਬਾਂ
ਨਾ ਵਿਚ ਰਿੰਦਾਂ ਮਸਤ ਖਰਾਬਾਂ
ਨਾ ਵਿਚ ਜਾਗਣ ਨਾ ਵਿਚ ਸੌਣ
ਬੁੱਲ੍ਹਿਆ ਕੀਹ ਜਾਣਾ ਮੈਂ ਕੌਣ।

ਜਾਂ

Scanned with CamScanner

ਅ. ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥੧॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥੧॥ਰਹਾਉ॥
ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ॥
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ॥੨॥
ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ 1X20=20

## ਭਾਗ ਚੌਥਾ

6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸਪਸ਼ਟ ਅਤੇ ਸੰਖੇਪ ਉੱਤਰ ਦਿਓ :

ੳ. ਸੂਫ਼ੀਵਾਦ ਤੋਂ ਕੀ ਭਾਵ ਹੈ?

ਅ. ਪੰਜਾਬੀ ਸੂਫ਼ੀਆਂ ਨਾਲ ਸੰਬੰਧਤ ਚਾਰ ਫਿਰਕਿਆਂ ਦੇ ਨਾਂ ਲਿਖੋ।

ੲ. ਫਰੀਦ ਬਾਣੀ ਵਿਚ ਦਰਜ ਨੈਤਿਕਤਾ ਬਾਰੇ ਵਿਚਾਰਾਂ 'ਤੇ ਸੰਖੇਪ ਟਿੱਪਣੀ ਲਿਖੋ।

ਸ. ਸੁਲਤਾਨ ਬਾਹੂ ਦੀ ਰਚਨਾ ਵਿਚ ਜ਼ੁਬਾਨੀ ਕਲਮੇ ਤੇ ਦਿਲ ਦੇ ਕਲਮੇ ਵਿਚ ਕੀ ਅੰਤਰ ਦੱਸਿਆ ਗਿਆ ਹੈ?

ਹ. ਬੁੱਲ੍ਹੇ ਸ਼ਾਹ ਦੇ ਸ਼ਰੀਅਤ ਬਾਰੇ ਵਿਚਾਰਾਂ ਨੂੰ ਸਪਸ਼ਟ ਕਰੋ। 5X4=20

Scanned with CamScanner

**Unique code: 212304 (i)** **Roll no...**

**M.A (Punjabi) Sem. II-I**
**Punjabi course No.304 (option i)**
**Paper : Gurmat kaav : History, Theory and Tendencies**
**Admission : 2009 and onwards**
**NCWEB(Nov- Dec 2019)**

**Time: 3 hours** **Max marks : 100**

## ਭਾਗ ਪਹਿਲਾ

ਨੋਟ : ਹੇਠ ਲਿਖਿਆਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ ਦਿਉ।

1. 'ਬਾਣੀ-ਵਿਧੀ' ਅਤੇ 'ਕਾਵਿ-ਵਿਧੀ' ਵਿਚਲਾ ਬੁਨਿਆਦੀ ਅੰਤਰ ਸਪੱਸ਼ਟ ਕਰੋ।
2. 'ਗੁਰਮਤਿ-ਕਾਵਿ' ਦੀ ਵਿਚਾਰਧਾਰਾ ਦੇ ਪ੍ਰਮੁੱਖ ਆਧਾਰਾਂ ਨੂੰ ਚਰਚਾ ਦਾ ਵਿਸ਼ਾ ਬਣਾਓ। 20

## ਭਾਗ ਦੂਜਾ

ਨੋਟ : ਹੇਠ ਲਿਖਿਆਂ ਵਿਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦਿਓ।

3. 'ਸੁਖਮਨੀ' ਸਾਹਿਬ ਬਾਣੀ ਵਿਚੋਂ ਉਭਰਣ ਵਾਲੇ ਗੁਰਮਤਿ ਚਿੰਤਨ ਬਾਰੇ ਚਰਚਾ ਕਰੋ।
4. 'ਆਸਾ ਦੀ ਵਾਰ' ਵਿਚ ਪਉੜੀਆਂ ਤੇ ਸਲੋਕਾਂ ਦਾ ਆਪਸ ਵਿਚ ਕੀ ਸੰਬੰਧ ਹੈ? ਚਰਚਾ ਕਰੋ।
5. 'ਜਾਪੁ' ਸਾਹਿਬ ਬਾਣੀ ਦੀ ਭਾਸ਼ਾ-ਸ਼ੈਲੀ ਬਾਰੇ ਚਰਚਾ ਕਰੋ। 2x20=40

## ਭਾਗ ਚੌਥਾ

6. ਨੋਟ: ਹੇਠ ਲਿਖਿਆ ਵਿੱਚੋਂ ਕਿਸੇ ਇਕ ਬਾਣੀ-ਬੰਦ ਦਾ ਵਿਹਾਰਕ ਵਿਸ਼ਲੇਸ਼ਣ ਕਰੋ :-

1. ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥
ਸਿਮਰਉ ਜਾਸੁ ਬਿਸੰਭਰ ਏਕੈ॥
ਨਾਮੁ ਜਪਤ ਅਗਨਤ ਅਨੇਕੈ॥
ਬੇਦ ਪੁਰਾਨ ਸਿੰਮ੍ਰਿਤਿ ਸੁਧਾਖੵਰ॥
ਕੀਨੇ ਰਾਮ ਨਾਮ ਇਕ ਆਖੵਰ॥
ਤਾ ਕੀ ਮਹਿਮਾ ਗਨੀ ਨ ਆਵੈ॥
ਕਾਂਖੀ ਏਕੈ ਦਰਸ ਤੁਹਾਰੋ॥
ਨਾਨਕ ਉਨ ਸੰਗਿ ਮੋਹਿ ਉਧਾਰੋ॥

2. ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ॥
ਅਗੰਜੁਲ ਅਨਾਮੇ ਸਮਸਤੁਲ ਨਿਵਾਸੇ॥
ਨ੍ਰਿਕਾਮੰ ਬਿਭੂਤੇ ॥ ਸਮਸਤੁਲ ਸਰੂਪੇ॥
ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ॥ 20

Scanned with CamScanner

ਭਾਗ ਚੌਥਾ

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦਿਓ।

1. ਨਿਰਗੁਣ ਤੇ ਸਰਗੁਣ ਭਗਤੀ ਵਿਚਲਾ ਅੰਤਰ ਸਪੱਸ਼ਟ ਕਰੋ।
2. ਪਉੜੀ ਛੰਦ ਰੂਪ ਨੂੰ ਪਰਿਭਾਸ਼ਤ ਕਰੋ।
3. ਮੰਗਲਾਚਰਨ ਦੇ ਸੰਕਲਪ ਬਾਰੇ ਟਿੱਪਣੀ ਕਰੋ।
4. ਵਾਰ ਤੇ ਅਧਿਆਤਮਕ ਵਾਰ ਵਿਚਲਾ ਅੰਤਰ ਸਪੱਸ਼ਟ ਕਰੋ। 5x4=20
5. 'ਟੁੰਡੇ ਅਸਰਾਜੈ ਕੀ ਧੁਨੀ' ਕਥਨ ਦੀ ਵਿਆਖਿਆ ਕਰੋ।

Scanned with CamScanner

Unique code: 212304(i) Roll no...

**M.A (Punjabi) Sem. II-I**
**Punjabi course No.304 (option i)**
**Paper : Gurmat kaav : History, Theory and Tendencies**
**Admission : 2009 and onwards**
**Regular (Nov- Dec 2019)**

**Time: 3 hours** **Max marks : 70**

ਨੋਟ : ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ। ਸਾਰੇ ਭਾਗ ਲਾਜ਼ਮੀ ਹਨ। ਹਰ ਭਾਗ ਦੇ ਮੁੱਢ ਵਿਚ ਦਰਜ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ।

## ਭਾਗ ਪਹਿਲਾ

ਨੋਟ: ਹੇਠ ਲਿਖਿਆਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ ਦਿਉ।

1. ਗੁਰਮਤਿ ਕਾਵਿ ਦੀ ਸਿਰਜਨ ਪ੍ਰਕਿਰਿਆ ਵਿਚ ਸਹਾਈ ਇਤਿਹਾਸਕ ਸੋਮਿਆਂ ਦੀ ਨਿਸ਼ਾਨਦੇਹੀ ਕਰੋ।
2. ਕੀ ਗੁਰਮਤਿ-ਕਾਵਿ ਦੇ ਕਾਵਿ-ਸ਼ਾਸਤਰ ਗੁਰਮਤਿ ਦੇ ਅੰਤਰਰੰਗ ਪ੍ਰਬੰਧ ਉਪਰ ਟਿਕਿਆ ਹੋਇਆ ਹੈ? ਚਰਚਾ ਕਰੋ। 14

## ਭਾਗ ਦੂਜਾ

ਨੋਟ: ਹੇਠ ਲਿਖਿਆਂ ਵਿਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦਿਓ।

3. 'ਸੁਖਮਨੀ' ਸਾਹਿਬ ਵਿਚ ਪੇਸ਼ ਸੁੱਖ ਦੇ ਸੰਕਲਪ ਤੋਂ ਕੀ ਭਾਵ ਹੈ, ਉਦਾਹਰਣਾਂ ਸਹਿਤ ਸਪਸ਼ਟ ਕਰੋ।
4. 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਨੇ ਮੱਧਕਾਲੀ ਜੀਵਨ ਦੀ ਤਸਵੀਰ ਕਿਵੇਂ ਪੇਸ਼ ਕੀਤੀ ਹੈ? ਚਰਚਾ ਕਰੋ।
5. ਕੀ 'ਜਾਪੁ ਸਾਹਿਬ' ਬਾਣੀ ਅਕਾਲ ਉਸਤਤਿ ਹੈ, ਉੱਤਰ ਦਲੀਲਾਂ ਸਹਿਤ ਸਪੱਸ਼ਟ ਕਰੋ। **2x14=28**

## ਭਾਗ ਤੀਜਾ

ਨੋਟ: ਹੇਠ ਲਿਖਿਆਂ ਵਿਚੋਂ ਕਿਸੇ ਇਕ ਬਾਣੀ-ਬੰਦ ਦਾ ਵਿਹਾਰਕ ਵਿਸ਼ਲੇਸ਼ਣ ਕਰੋ।

6 (i) ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥
ਜੈਸੇ ਮੈਲੁ ਨ ਲਾਗੈ ਜਲਾ॥
ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ॥
ਜੈਸੇ ਧਰ ਊਪਰਿ ਆਕਾਸੁ॥
ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥
ਬ੍ਰਹਮ ਗਿਆਨੀ ਊਚ ਤੇ ਊਚਾ ॥
ਮਨਿ ਅਪਨੈ ਹੈ ਸਭ ਤੇ ਨੀਚਾ॥
ਬ੍ਰਹਮ ਗਿਆਨੀ ਸੇ ਜਨ ਭਏ॥
ਨਾਨਕ ਜਿਨ ਪ੍ਰਭੁ ਆਪਿ ਕਰੇਇ॥

(ii) ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ॥
ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ॥
ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ॥
ਜਤ੍ਰ ਤਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥

Scanned with CamScanner

(iii) ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥
ਇਕਨਾ ਹੁਕਮਿ ਸਮਾਇ ਲਏ ਇਕਨਾ ਹੁਕਮੇ ਕਰੇ ਵਿਣਾਸੁ ॥
ਇਕਨਾ ਭਾਣੈ ਕਢਿ ਲਏ ਇਕਨਾ ਮਾਇਆ ਵਿਚ ਨਿਵਾਸੁ ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥ 14

### ਭਾਗ ਚੌਥਾ

7. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦਿਓ।

1. ਗੁਰਬਾਣੀ ਵਿਚ ਰਹਾਓ ਦੀਆਂ ਪੰਕਤੀਆਂ ਦਾ ਕੀ ਮਹੱਤਵ ਹੈ, ਸਪੱਸ਼ਟ ਕਰੋ।
2. ਬ੍ਰਹਮ ਦੇ ਸੰਕਲਪ ਬਾਰੇ ਟਿੱਪਣੀ ਕਰੋ।
3. ਨਿਰਗੁਣ ਤੇ ਸਰਗੁਣ ਤੋਂ ਕੀ ਭਾਵ ਹੈ?
4. 'ਆਸਾ ਦੀ ਵਾਰ' ਦੀ ਭਾਸ਼ਾ ਬਾਰੇ ਸੰਖੇਪ ਟਿੱਪਣੀ ਕਰੋ।
5. 'ਆਸਾ ਦੀ ਵਾਰ' ਵਿਚ ਕਿਹੜੇ-ਕਿਹੜੇ ਅਲੰਕਾਰਾਂ ਦਾ ਪ੍ਰਯੋਗ ਹੋਇਆ?
6. ਅਸ਼ਟਪਦੀ ਤੋਂ ਕੀ ਭਾਵ ਹੈ?
7. 'ਆਸਾ ਦੀ ਵਾਰ' ਨੂੰ ਕਿਸ ਲੋਕ ਵਾਰ ਦੀ ਧੁੰਨ ਉਪਰ ਗਾਉਣ ਲਈ ਕਿਹਾ ਗਿਆ ਹੈ। 2x7=14

Scanned with CamScanner

Paper Code-212301

Roll no....................

**Department of Punjabi**

**University of Delhi,Delhi-07**

Name of Examination : M.A. Sem.II-I**(Regular)**

Subject : Punjabi

Paper No. : 301

Paper : Classical Sidhant Chintan da Tulnatamak Adhyan:Sidhant,Itihas ate Pavirtian

**(Admission of 2009 & onwards)**

(Nov.-Dec. 2019)

**Time: 3 Hours** **Maximum Marks:70**

**ਨੋਟ: ਪਹਿਲੇ ਚਾਰ ਭਾਗਾਂ ਵਿਚੋਂ ਕੋਈ ਇਕ-ਇਕ ਪ੍ਰਸ਼ਨ ਕਰੋ ਅਤੇ ਪੰਜਵੇਂ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।**

**ਭਾਗ-ਪਹਿਲਾ**

1. ਭਾਰਤੀ ਕਾਵਿ ਸ਼ਾਸਤਰੀਆਂ ਨੇ ਕਾਵਿ ਨੂੰ ਕਿਵੇਂ ਪਰਿਭਾਸ਼ਤ ਕੀਤਾ ਹੈ?ਕਾਵਿ ਦੇ ਸਰੂਪ ਅਤੇ ਪ੍ਰਯੋਜਨ ਬਾਰੇ ਭਾਰਤੀ ਕਾਵਿ ਸ਼ਾਸਤਰੀ ਦ੍ਰਿਸ਼ਟੀ ਤੋਂ ਅਧਿਐਨ ਪੇਸ਼ ਕਰੋ।
2. ਭਾਰਤੀ ਕਾਵਿ ਸ਼ਾਸਤਰੀ ਪਰੰਪਰਾ ਵਿਚ ਨਾਟਕ ਦੇ ਸਰੂਪ ਸੰਬੰਧੀ ਵਿਭਿੰਨ ਵਿਚਾਰਾਂ ਬਾਰੇ ਵਿਸਤਰਿਤ ਚਰਚਾ ਕਰੋ। **15**

**ਭਾਗ-ਦੂਜਾ**

3. ਸਧਾਰਨੀਕਰਨ ਤੋਂ ਕੀ ਭਾਵ ਹੈ?ਕਿਹੜੇ-ਕਿਹੜੇ ਭਾਵਾਂ ਦਾ ਸਧਾਰਨੀਕਰਨ ਹੁੰਦਾ ਹੈ?ਉਦਾਹਰਨਾਂ ਸਹਿਤ ਸਪੱਸ਼ਟ ਕਰੋ।
4. ਧੁਨੀ ਸਿਧਾਂਤ ਸ਼ਬਦ ਦੀ ਕਿਹੜੀ ਸ਼ਕਤੀ ਨੂੰ ਵਿਸ਼ੇਸ਼ ਮਹੱਤਵ ਦਿੰਦਾ ਹੈ ਤੇ ਕਿਉਂ?ਭਾਰਤੀ ਕਾਵਿ ਸ਼ਾਸਤਰ ਵਿਚ ਸ਼ਬਦ ਦੀਆਂ ਕਿੰਨੀਆਂ ਸ਼ਕਤੀਆਂ ਦੀ ਚਰਚਾ ਮਿਲਦੀ ਹੈ?ਕ੍ਰਮਵਾਰ ਉਦਾਹਰਨਾਂ ਸਹਿਤ ਵੇਰਵਾ ਦਿਓ। **15**

**ਭਾਗ=ਤੀਜਾ**

5. ਤ੍ਰਾਸਦੀ ਤੋਂ ਕੀ ਭਾਵ ਹੈ? ਅਰਸਤੂ ਦੁਆਰਾ ਦੱਸੇ ਗਏ ਤ੍ਰਾਸਦੀ ਦੇ ਸਰੂਪ ਉਤੇ ਵਿਸਤ੍ਰਿਤ ਨੋਟ ਲਿਖੋ।
6. ਅਨੁਕਰਣ ਤੋਂ ਕੀ ਭਾਵ ਹੈ?ਅਰਸਤੂ ਦੁਆਰਾ ਪੇਸ਼ ਅਨੁਕਰਣ ਸਿਧਾਂਤ ਬਾਰੇ ਚਰਚਾ ਕਰੋ। **15**

**ਭਾਗ-ਚੌਥਾ**

7. ਲੌਨਜਾਈਨਸ ਦੁਆਰਾ ਦਿੱਤੇ ਉਂਦਾਤ ਸਿਧਾਂਤ ਬਾਰੇ ਚਰਚਾ ਕਰੋ?
8. ਲੌਨਜਾਈਨਸ ਦੁਆਰਾ ਉਂਦਾਤ ਸਿਧਾਂਤ ਵਿਚ ਕਿਹੜੇ ਗੁਣ-ਦੋਸ਼ਾਂ ਦੀ ਗੱਲ ਕੀਤੀ ਗਈ ਹੈ? ਚਰਚਾ ਕਰੋ। **15**

**ਭਾਗ-ਪੰਜਵਾਂ**

**ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹਨ:-**

1. ਮਹਾਂਕਾਵਿ ਦੇ ਸਰੂਪ ਬਾਰੇ ਵਿਦਵਾਨਾਂ ਦੇ ਕੋਈ ਚਾਰ ਸਾਂਝੇ ਵਿਚਾਰ ਲਿਖੋ।
2. ਨਾਟਕ ਦੀਆਂ ਕੋਈ ਦੋ ਸੰਧੀਆਂ ਦੱਸੋ।
3. ਧੁਨੀ ਸੰਪ੍ਰਦਾਇ ਨਾਲ ਜੁੜੇ ਚਾਰ ਆਚਾਰੀਆਂ ਦੇ ਨਾਂ ਲਿਖੋ।
4. ਤ੍ਰਾਸਦੀ ਦੇ ਨਾਇਕ ਦੇ ਸਰੂਪ ਬਾਰੇ ਸੰਖੇਪ ਵਿਚ ਲਿਖੋ।
5. ਵਿਰੇਚਨ ਸਿਧਾਂਤ ਤੋਂ ਕੀ ਭਾਵ ਹੈ? **2×5=10**

Scanned with CamScanner

PG-212303

Roll No.........

M.A. Semester. II-1
Punjabi Course No. 303
Paper: Qissa ate Vir Kaav: Sidhant, Itihas te Parvirtian
(Admission of 2009 & Onwards)
Regular
Nov.-Dec., 2019

**ਕੁੱਲ ਸਮਾਂ: 3 ਘੰਟੇ** **ਕੁੱਲ ਅੰਕ: 70**

**ਨੋਟ:**ਸਾਰੇ ਪ੍ਰਸ਼ਨ ਲਾਜ਼ਮੀ ਹਨ।

**ਭਾਗ ਪਹਿਲਾ**

1. ਪੰਜਾਬੀ ਕਿੱਸਾ ਕਾਵਿ ਦੇ ਨਿਕਾਸ ਤੇ ਵਿਕਾਸ ਉਪਰ ਵਿਸਤ੍ਰਿਤ ਨੋਟ ਲਿਖੋ। 1X14=14

ਜਾਂ

'ਪੰਜਾਬੀ ਕਿੱਸਾ ਕਾਵਿ ਜਗੀਰਦਾਰੀ ਵਿਵਸਥਾ ਨਾਲ ਵਿਅਕਤੀਗਤ ਸੁਤੰਤਰਤਾ ਦੀ ਜੱਦੋਜਹਿਦ ਨੂੰ ਪੇਸ਼ ਕਰਦਾ ਹੈ ' ਇਸ ਕਥਨ ਬਾਰੇ ਵਿਚਾਰ ਚਰਚਾ ਕਰੋ।

**ਭਾਗ ਦੂਜਾ**

ਨੋਟ: ਕੋਈ ਦੋ ਸਵਾਲ ਕਰੋ।

2. ਹੀਰ ਵਾਰਿਸ ਵਿਚ ਪੇਸ਼ ਸਮਾਜ-ਸਭਿਆਚਾਰ ਦਾ ਵਿਸ਼ਲੇਸ਼ਣ ਕਰੋ। 2X14=28
3. ਕਿੱਸਾ ਸੱਸੀ ਹਾਸ਼ਮ ਵਿਚ ਦੁਖਾਂਤ ਤੇ ਹੋਣੀ ਕਿਵੇਂ ਪੇਸ਼ ਹੋਏ ਹਨ ? ਚਰਚਾ ਕਰੋ।
4. ਚੰਡੀ ਦੀ ਵਾਰ ਦੇ ਕਲਾ ਪੱਖ ਉਪਰ ਵਿਸਤ੍ਰਿਤ ਨੋਟ ਲਿਖੋ।

**ਭਾਗ ਤੀਜਾ**

5. ਕਿਸੇ ਇਕ ਦਾ ਵਿਹਾਰਕ ਅਧਿਐਨ ਕਰੋ:

ਟਿੱਲੇ ਜਾਇ ਕੇ ਜੋਗੀ ਦੇ ਹੱਥ ਜੋੜੇ, ਸਾਨੂੰ ਆਪਣਾ ਕਰੋ ਫਕੀਰ ਮੀਆਂ।
ਤੇਰੇ ਦਰਸ ਦੀਦਾਰ ਦੇ ਵੇਖਣੇ ਨੂੰ, ਆਏ ਦੇਸ ਪਰਦੇਸ ਨੂੰ ਚੀਰ ਮੀਆਂ।
ਸਿਦਕ ਧਾਰ ਕੇ ਨਾਲ ਯਕੀਨ ਆਏ, ਅਸੀਂ ਚੇਲੜੇ ਤੇ ਤੁਸੀਂ ਮੀਰ ਮੀਆਂ।
ਬਾਦਸ਼ਾਹ ਸੱਚਾ ਰੱਬ ਆਲਮਾਂ ਦਾ, ਫੱਕਰ ਓਸਦੇ ਹੈਣ ਵਜ਼ੀਰ ਮੀਆਂ।
ਬਿਨਾ ਮੁਰਸ਼ਦਾਂ ਰਾਹ ਨਾ ਹੱਥ ਆਏ, ਦੁੱਧ ਬਾਝ ਨਾ ਰਿੱਝਦੀ ਖੀਰ ਮੀਆਂ।

ਜਾਂ

ਕਹਿਆ ਵਜ਼ੀਰ "ਕੀ ਦੋਸ਼ ਸੱਸੀ ਨੂੰ, ਲਿਖਿਆ ਲੇਖ ਲਿਖਾਰੀ।
ਬੇਤਕਸੀਰ ਕਹਾਉਣ ਕੰਨਿਆ, ਨਸ਼ਟ ਹੋਵੇ ਕੁਲ ਸਾਰੀ।
ਇਸ ਥੀਂ ਪਾਪ ਨਾ ਹੋਰ ਪਰੇਰੇ, ਕੌਮ ਹੋਵੇ ਹਤਿਆਰੀ।
ਹਾਸ਼ਮ ਪਾਇ ਸੰਦੂਕ ਰੁੜ੍ਹਾਉ, ਦੂਰ ਹੋਵੇ ਜਗ ਖਵਾਰੀ॥" 1X14 = 14

**ਭਾਗ ਚੌਥਾ**

ਨੋਟ:ਸਾਰੇ ਪ੍ਰਸ਼ਨਾਂ ਦੇ ਸੰਖੇਪ ਉਤਰ ਦਿਓ।

6. ਹੇਠ ਲਿਖੇ **ਸਾਰੇ** ਪ੍ਰਸ਼ਨਾਂ ਦੇ ਸੰਖੇਪ ਉਤਰ ਲਿਖੋ:- 7X2=14

ੳ) ਵਾਰ ਨੂੰ ਪਰਿਭਾਸ਼ਤ ਕਰੋ ।
ਅ) ਬੀਰ ਰਸੀ ਤੇ ਅਧਿਆਤਮਕ ਵਾਰ ਵਿਚਲਾ ਅੰਤਰ ਸਪਸ਼ਟ ਕਰੋ।
ੲ) ਕਿੱਸਾ ਨੂੰ ਕਾਵਿ-ਬਿਰਤਾਂਤ ਕਿਉਂ ਕਿਹਾ ਜਾਂਦਾ ਹੈ ?
ਸ) ਕਿੱਸਾ ਦਾ ਲੋਕ ਕਥਾ ਨਾਲ ਕੀ ਸੰਬੰਧ ਹੈ ?
ਹ) ਚੰਡੀ ਦੀ ਵਾਰ ਕਿਸ ਮਿੱਥ 'ਤੇ ਆਧਾਰਿਤ ਹੈ ?
ਕ) ਸੱਸੀ ਹਾਸ਼ਮ ਦੇ ਮੰਗਲਾਚਰਨ ਵਿਚ ਕੀ ਕਿਹਾ ਗਿਆ ਹੈ ?
ਖ) ਹੀਰ ਵਾਰਸ ਦੇ ਛੰਦ ਪ੍ਰਬੰਧ ਤੇ ਟਿੱਪਣੀ ਕਰੋ।

Scanned with CamScanner

University of Delhi

Department of Punjabi

M.A. Punjabi Sem-II-I

Punjabi course No-304 (opt. ii )

Paper: Bhagtai Kaav: Sidhant, Itihas ate Parvirtian

(Admission of 2009 And Onwards)

Regular-(Dec -2019)

M.Marks:70

Time : 3 hours

ਨੋਟ: ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹਨ। ਪਹਿਲੇ ਭਾਗ ਵਿਚੋਂ ਇਕ, ਦੂਜੇ ਭਾਗ ਵਿਚੋਂ ਦੋ ਅਤੇ ਤੀਜੇ ਭਾਗ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹਨ।

### ਭਾਗ ਪਹਿਲਾ

1 x14=14

1. ਭਗਤ ਬਾਣੀ ਮੱਧਕਾਲੀਨ ਯੁੱਗ ਵਿਚ ਧਾਰਮਿਕ ਵਿਸ਼ਵਾਸ ਦੀ ਇਕ ਨਵੀਂ ਕ੍ਰਾਂਤੀ ਪੇਸ਼ ਕਰਦੀ ਹੈ। ਉਦਾਹਰਨਾਂ ਸਹਿਤ ਸਪਸ਼ਟ ਕਰੋ।
2. ਭਗਤ ਬਾਣੀ ਦੇ ਕਾਵਿ-ਸ਼ਾਸਤਰੀ ਪ੍ਰਬੰਧ ਬਾਰੇ ਚਰਚਾ ਕਰੋ ।

### ਭਾਗ ਦੂਜਾ

14x2=28

3. ਭਗਤ ਨਾਮ ਦੇਵ ਦੀ ਬਾਣੀ ਦੀ ਸਮਾਜਿਕ ਪ੍ਰਸੰਗਕਤਾ ਬਾਰੇ ਆਪਣੇ ਵਿਚਾਰ ਪੇਸ਼ ਕਰੋ।
4. ਸੰਤ ਕਬੀਰ ਨੈਤਿਕ ਕਦਰਾਂ-ਕੀਮਤਾਂ ਦੇ ਆਧਾਰ ’ਤੇ ਵਿਅਕਤੀ ਦੀ ਆਤਮਿਕ ਸ਼ੁੱਧੀ ਅਤੇ ਉੱਚਤਾ ਵਿਚ ਵਿਸ਼ਵਾਸ ਰੱਖਦੇ ਹਨ। ਇਸ ਕਥਨ ਦੀ ਪੁਸ਼ਟੀ ਕਰੋ।
5. ਭਗਤ ਰਵਿਦਾਸ ਦੀ ਬਾਣੀ ਵਿਚ ਪੇਸ਼ ਮਾਨਵਤਾ ਦੇ ਸੰਕਲਪ ਬਾਰੇ ਵਿਸਤ੍ਰਿਤ ਚਰਚਾ ਕਰੋ।

### ਭਾਗ ਤੀਜਾ

7 x2=14

6. ਹੇਠ ਲਿਖੇ ਕਿਸੇ ਇਕ ਬਾਣੀ-ਬੰਦ ਦੀ ਵਿਹਾਰਕ ਸਮੀਖਿਆ ਕਰੋ:-

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥
ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥
ਪਤਿਤ ਪਾਵਨ ਨਾਮੁ ਕੈਸਾ ਹੁੰਤਾ॥
ਤੁਮ ਜੁ ਨਾਇਕ ਅਛਹੁ ਅੰਤਰਜਾਮੀ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥
ਸਰੀਰ ਆਰਾਧੇ ਮੋ ਕਉ ਬੀਚਾਰੁ ਦੇਹੂ॥
ਰਵਿਦਾਸ ਸਮ ਦਲ ਸਮਝਾਵੈ ਕੋਊ॥

Scanned with CamScanner

ਜਾਂ

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ।
ਕਾਹੇ ਛੀਪਹੁ ਛਾਇ ਲੈ ਰਾਮ ਨ ਲਾਵਹੁ ਚੀਤੁ
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ
ਹਾਥ ਪਾਉ ਕਰਿ ਕਾਮੁ ਚੀਤੁ ਨਿਰੰਜਨ ਨਾਲਿ॥

7. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉਤਰ ਦਿਓ। 7 x 2=14
   ੳ) ਭਗਤੀ ਲਹਿਰ ਦੇ ਕਾਲ ਬਾਰੇ ਜਾਣਕਾਰੀ ਦਿਓ।
   ਅ) ਭਗਤ ਨਾਮ ਦੇਵ ਦਾ ਸਬੰਧ ਕਿਸ ਕਿੱਤੇ ਨਾਲ ਸੀ?
   ੲ) ਭਗਤ ਕਬੀਰ ਜੀ ਦਾ ਧਾਰਮਿਕ ਪਿਛੋਕੜ ਕੀ ਸੀ?
   ਸ) ਸੰਤ ਰਵਿਦਾਸ ਦਾ ਬੇਗਮਪੁਰੇ ਦਾ ਕੀ ਸੰਕਲਪ ਸੀ?
   ਹ) ਭਗਤ ਨਾਮ ਦੇਵ ਪ੍ਰਮਾਤਮਾ ਨੂੰ ਕਿਸ ਨਾਮ ਨਾਲ ਪੁਕਾਰਦੇ ਸਨ?
   ਕ) ਭਗਤੀ ਲਹਿਰ ਦਾ ਇਕ ਸਾਂਝਾ ਸਿਧਾਂਤਕ ਸੂਤਰ ਦੱਸੋ।
   ਖ) ਨਿਰਗੁਣ ਪਰੰਪਰਾ ਤੋਂ ਕੀ ਭਾਵ ਹੈ?

Scanned with CamScanner

**Unique Code: P-212302** **Roll No…………**

M.A. (Punjabi) Sem.II-1
Punjabi: Course No-302
Paper: Punjabi Sufi Kaav: History, Theory and Tendencies
(Admission of 2009& onwards)
(Regular)
(Nov.-Dec. 2019)

ਕੁੱਲ ਸਮਾਂ: ਤਿੰਨ ਘੰਟੇ ਕੁੱਲ ਅੰਕ:70

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਪਹਿਲੇ ਭਾਗ ਵਿਚੋਂ **ਇਕ**, ਦੂਜੇ ਭਾਗ ਵਿਚੋਂ **ਦੋ** ਅਤੇ ਤੀਜੇ ਭਾਗ ਵਿਚੋਂ ਕਿਸੇ **ਇਕ** ਪ੍ਰਸ਼ਨ ਦਾ ਉਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਸੂਫ਼ੀ ਮਤ ਦੇ ਦਾਰਸ਼ਨਿਕ ਸੰਕਲਪਾਂ ਦੀ ਵਿਆਖਿਆ ਉਸਾਰਦੇ ਹੋਏ ਸੂਫ਼ੀ ਮਤ ਦੀਆਂ ਪ੍ਰਮੁੱਖ ਸਿੱਖਿਆਵਾਂ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।

   ਪੰਜਾਬੀ ਸੂਫ਼ੀ ਕਾਵਿ ਦੇ ਇਤਿਹਾਸਕ ਵਿਕਾਸ ਕ੍ਰਮ ਨਾਲ ਜਾਣ-ਪਛਾਣ ਕਰਵਾਓ । 1X14=14

## ਭਾਗ ਦੂਜਾ

2. ਸ਼ੇਖ ਫਰੀਦ ਦੀ ਰਚਨਾ ਦੇ ਪ੍ਰਤੀਕ ਵਿਧਾਨ ਬਾਰੇ ਵਿਸਤਾਰਪੂਰਵਕ ਨੋਟ ਲਿਖੋ।
3. ਸੁਲਤਾਨ ਬਾਹੂ ਦੀ ਰਚਨਾ ਵਿਚ ਪੇਸ਼ ਹੋਏ ਵਿਚਾਰਧਾਰਕ ਅਧਾਰਾਂ ਬਾਰੇ ਚਰਚਾ ਕਰੋ।
4. ਬੁੱਲੇ ਸ਼ਾਹ ਦੀਆਂ ਕਾਫ਼ੀਆਂ ਵਿਚ ਪੇਸ਼ ਭਿੰਨ-ਭਿੰਨ ਸਰੋਕਾਰਾਂ ਨੂੰ ਚਰਚਾ ਦਾ ਵਿਸ਼ਾ ਬਣਾਓ। 14X2=28

## ਭਾਗ ਤੀਜਾ

5. ਹੇਠ ਲਿਖੇ ਕਿਸੇ ਇਕ ਕਾਵਿ-ਟੋਟੇ ਦੀ ਵਿਹਾਰਕ ਸਮੀਖਿਆ ਕਰੋ:

ੳ. ਆਓ ਸਈਓ ਰਲ ਦਿਉ ਨੀ ਵਧਾਈ।
ਮੈਂ ਵਰ ਪਾਇਆ ਰਾਂਝਾ ਮਾਹੀ।
ਅੱਜ ਤਾਂ ਰੋਜ਼ ਮੁਬਾਰਕ ਚੜ੍ਹਿਆ, ਰਾਂਝਾ ਸਾਡੇ ਵਿਹੜੇ ਵੜਿਆ,
ਹੱਥ ਖੂੰਡੀ ਮੋਢੇ ਕੰਬਲ ਧਰਿਆ, ਚਾਕਾਂ ਵਾਲੀ ਸ਼ਕਲ ਬਣਾਈ,
ਆਓ ਸਈਓ ਰਲ ਦਿਉ ਨੀ ਵਧਾਈ।
ਮੁੱਕਟ ਗਊਆਂ ਦੇ ਵਿਚ ਰੁੱਲਦਾ, ਜੰਗਲ ਜੂਹਾਂ ਦੇ ਵਿਚ ਰੁਲਦਾ।
ਹੈ ਕੋਈ ਅੱਲ੍ਹਾ ਦੇ ਵੱਲ ਭੁੱਲਦਾ, ਅਸਲ ਹਕੀਕਤ ਖ਼ਬਰ ਨਾ ਕਾਈ,
ਆਓ ਸਈਓ ਰਲ ਦਿਉ ਨੀ ਵਧਾਈ।
ਬੁੱਲ੍ਹੇ ਸ਼ਾਹ ਇਕ ਸੌਦਾ ਕੀਤਾ, ਪੀਤਾ ਜ਼ਹਿਰ ਪਿਆਲਾ ਪੀਤਾ,
ਨਾ ਕੁਝ ਲਾਹਾ ਟੋਟਾ ਲੀਤਾ, ਦਰਦ ਦੁੱਖਾਂ ਦੀ ਗਠੜੀ ਚਾਈ,
ਆਓ ਸਈਓ ਰਲ ਦਿਉ ਨੀ ਵਧਾਈ।
ਮੈਂ ਵਰ ਪਾਇਆ ਰਾਂਝਾ ਮਾਹੀ।

ਜਾਂ

ਅ. ਦਿਲਹੁ ਮੁਹਬਤਿ ਜਿਨ੍ਹ ਸੇਈ ਸਚਿਆ॥
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥

Scanned with CamScanner

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥੧॥ਰਹਾਉ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ।
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥੨॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥੩॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ 1X14=14

## ਭਾਗ ਚੌਥਾ

6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸਪੱਸ਼ਟ ਅਤੇ ਸੰਖੇਪ ਉੱਤਰ ਦਿਓ :

ੳ. ਪੰਜਾਬੀ ਤੋਂ ਬਿਨਾਂ ਹੋਰ ਜ਼ੁਬਾਨਾਂ ਦੇ ਕੋਈ **ਚਾਰ** ਸੂਫ਼ੀ ਕਵੀਆਂ ਦੇ ਨਾਂ ਲਿਖੋ।
ਅ. ਸ਼ੇਖ ਫਰੀਦ ਅਤੇ ਬੁੱਲ੍ਹੇ ਸ਼ਾਹ ਕਿਹੜੇ-ਕਿਹੜੇ ਸੂਫ਼ੀ ਸਿਲਸਿਲਿਆਂ ਵਿਚੋਂ ਸਨ?
ੲ. ਸੁਲਤਾਨ ਬਾਹੂ ਦੀ ਰਚਨਾ ਕਿਹੜੇ-ਕਿਹੜੇ ਸਾਹਿਤਕ ਰੂਪਾਕਾਰਾਂ ਵਿਚ ਮਿਲਦੀ ਹੈ?
ਸ. ਸੀਹਰਫ਼ੀ ਤੋਂ ਕੀ ਭਾਵ ਹੈ?
ਹ. ਸ਼ੇਖ ਫਰੀਦ ਦੀ ਬਾਣੀ ਵਿਚ ਦਰਜ ਨਾਸ਼ਮਾਨਤਾ ਦੇ ਸੰਕਲਪ ਬਾਰੇ ਸੰਖੇਪ ਟਿੱਪਣੀ ਲਿਖੋ।
ਕ. ਬੁਲ੍ਹੇ ਸ਼ਾਹ ਦੀ ਰਚਨਾ ਬਾਰੇ ਸੰਖੇਪ ਨੋਟ ਲਿਖੋ।
ਖ. ਪੰਜਾਬੀ ਸੂਫ਼ੀ ਕਾਵਿ ਨਾਲ ਸੰਬੰਧਤ **ਦੋ** ਆਲੋਚਕਾਂ ਦੇ ਨਾਂ ਲਿਖੋ। 7X2=14

Scanned with CamScanner

Roll No............

**Unique Code: P-212104(ii)**

M.A. (Punjabi) Sem.II-1
Punjabi: Course No-104(ii)
Paper: Tulnatmak Bharti Sahit: History, Theory and Tendencies
(Admission of 2009& onwards)
(Regular)
(Nov.-Dec. 2019)

ਕੁੱਲ ਸਮਾਂ: ਤਿੰਨ ਘੰਟੇ

ਕੁੱਲ ਅੰਕ: 70

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।ਪਹਿਲੇ ਭਾਗ ਵਿਚੋਂ **ਇਕ**, ਦੂਜੇ ਭਾਗ ਵਿਚੋਂ **ਦੋ** ਅਤੇ ਤੀਜੇ ਭਾਗ ਵਿਚੋਂ ਕਿਸੇ **ਇਕ** ਪ੍ਰਸ਼ਨ ਦਾ ਉਤਰ ਦਿਓ। ਚੌਥੇ ਭਾਗ ਦੇ **ਸਾਰੇ** ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਤੁਲਨਾਤਮਕ ਸਾਹਿਤ ਨਾਲ ਸੰਬੰਧਤ ਸਕੂਲਾਂ ਬਾਰੇ ਵਿਸਥਾਰਪੂਰਵਕ ਨੋਟ ਲਿਖੋ।

ਜਾਂ

ਹਿੰਦੀ ਨਾਟਕ ਦੇ ਨਿਕਾਸ ਤੇ ਵਿਕਾਸ ਨੂੰ ਚਰਚਾ ਦਾ ਵਿਸ਼ਾ ਬਣਾਓ। 1X14=14

## ਭਾਗ ਦੂਜਾ

2. ਨਾਵਲ 'ਯਯਾਤੀ' ਵਿਚ ਹੋਏ ਮਿੱਥ ਰੂਪਾਂਤਰਨ ਨੂੰ ਚਰਚਾ ਦਾ ਵਿਸ਼ਾ ਬਣਾਓ।
3. ਨਾਟਕ 'ਅੱਧੇ-ਅਧੂਰੇ' ਦਾ ਥੀਮਕ ਅਧਿਐਨ ਪ੍ਰਸਤੁਤ ਕਰੋ।
4. ਸਮਕਾਲੀ ਰਾਜਸਥਾਨੀ ਕਵਿਤਾ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ। 2X14=28

## ਭਾਗ ਤੀਜਾ

5. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਇਕ** ਕਵਿਤਾ ਦੀ ਵਿਹਾਰਕ ਸਮੀਖਿਆ ਕਰੋ:
   ੳ. ਸੱਚਾਈ (ਕਨ੍ਹਈਆ ਲਾਲ ਸੇਠੀਆ)
   ਅ. ਆਪਣੀ ਵਾਰੀ ਦੀ ਉਡੀਕ ਵਿਚ (ਚੰਦਰ ਪ੍ਰਕਾਸ਼ ਦੇਵਲ) 1X14=14

## ਭਾਗ ਚੌਥਾ

6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸਪੱਸ਼ਟ ਅਤੇ ਸੰਖੇਪ ਉੱਤਰ ਦਿਓ :
   ੳ. ਹਿੰਦੀ ਭਾਸ਼ਾ ਨਾਲ ਸੰਬੰਧਤ **ਦੋ** ਨਾਟਕਕਾਰਾਂ ਦੇ ਨਾਂ ਲਿਖੋ।
   ਅ. ਅਰਜੁਨ ਦੇਵ ਚਾਰਣ ਦੀਆਂ ਕੋਈ **ਦੋ** ਕਵਿਤਾਵਾਂ ਦੇ ਨਾਂ ਲਿਖੋ।
   ੲ. ਨਾਵਲ ਯਯਾਤੀ ਦੇ ਪਾਤਰ ਯਤੀ ਬਾਰੇ ਸੰਖੇਪ ਟਿੱਪਣੀ ਲਿਖੋ।
   ਸ. 'ਸਮਕਾਲੀ ਰਾਜਸਥਾਨੀ ਕਵਿਤਾ' ਵਿਚ ਦਰਜ ਕਵਿਤਾਵਾਂ ਨੂੰ ਅਨੁਵਾਦ ਕਰਨ ਵਾਲੇ ਕੋਈ ਦੋ ਅਨੁਵਾਦਕਾਂ ਦੇ ਨਾਂ ਦੱਸੋ।
   ਹ. ਨਾਟਕ 'ਅੱਧੇ ਅਧੂਰੇ' ਦੇ ਮੁੱਖ ਪਾਤਰਾਂ ਦੇ ਨਾਂ ਲਿਖੋ।
   ਕ. 'ਤੁਲਨਾਤਮਕ ਸਾਹਿਤ' ਸੰਕਲਪ ਦੀ ਪਰਿਭਾਸ਼ਾ ਨਿਰਧਾਰਤ ਕਰੋ।
   ਖ. ਕਵਿਤਾ 'ਅਗਨ-ਸ਼ਨਾਨ' ਦਾ ਮੁੱਖ ਵਿਸ਼ਾ ਕੀ ਹੈ? 7X2=14

Scanned with CamScanner